ਅਛੂਤ ਸਮਾਜ ਦੀ ਸਹਿਜ ਪੇਸ਼ਕਾਰੀ : ਮੇਰੇ ਪਿਤਾ ਬਾਲੱਯਾ (ਸਵੈ ਜੀਵਨੀ)

ਸਵੈ-ਜੀਵਨੀਕਾਰ : ਵਾਈ. ਬੀ. ਸੱਤਯਾਨਾਰਾਇਣ

ਅਨੁਵਾਦ : ਬਲਬੀਰ ਮਾਧੋਪੁਰੀ

ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

ਸਾਲ: 2022

ਮੁੱਲ: 450, ਪੰਨੇ : 213

-ਭਗਵੰਤ ਰਸੂਲਪੁਰੀ

ਭਾਰਤੀ ਸਮਾਜ ਨੂੰ ਸਮਝਣ ਲਈ ਇਥੋਂ ਦੀ ਜਾਤੀ ਬਣਤਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਜਾਤੀ ਬਣਤਰ ਨੂੰ ਸਮਝਣ ਲਈ ਸਾਨੂੰ ਸਮਾਜਕ ਇਤਿਹਾਸਕਾਰੀ ਨੂੰ ਵਾਚਣਾ ਪਵੇਗਾ। ਸਮਾਜਕ ਇਤਿਹਾਸਕਾਰੀ ਦੇ ਨਿੱਗਰ ਵੇਰਵੇ ਭਾਰਤੀ ਪੱਧਰ ਦੇ ਸਮੁੱਚੇ ਸਾਹਿਤ 'ਚ ਵੇਖੇ ਤੇ ਸਮਝੇ ਜਾ ਸਕਦੇ ਹਨ। ਸਾਹਿਤ ਤੋਂ ਅੱਗੇ ਦਲਿਤ ਸਵੈ-ਜੀਵਨੀ 'ਚ ਨਿੱਗਰ ਵੇਰਵੇ ਮਿਲਦੇ ਹਨ। ਦਲਿਤ-ਅਛੂਤ ਜਾਤੀਆਂ ਵਿੱਚੋਂ ਆਏ ਵੱਖ-ਵੱਖ ਲੇਖਕਾਂ ਨੇ ਸਮੇਂ-ਸਮੇਂ ਭਾਰਤੀ ਜਾਤੀ ਬਣਤਰ ਵਿਚ ਪਿਸ ਰਹੇ ਦਲਿਤ ਸਮਾਜ ਨੂੰ ਭਰਵੇਂ ਰੂਪ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਸਵੈ-ਜੀਵਨੀਆਂ ਵਿਚ ਅਚੰਭੇ ਭਰਪੂਰ ਬਿਰਤਾਂਤ ਪੜ੍ਹਨ ਨੂੰ ਮਿਲਦਾ ਹੈ ਕਿ ਕਿਵੇਂ ਸਮਾਜ 'ਚ ਹਾਸ਼ੀਏ ਉੱਤੇ ਧੱਕ ਦਿੱਤੇ ਗਏ ਲੋਕ ਸੰਘਰਸ਼ ਕਰਕੇ ਆਪਣੀ ਸਮਰੱਥਾ ਨਾਲ ਸਮਾਜ ਦੇ ਮੁੱਖ ਧਾਰਾ ਦਾ ਅੰਗ ਬਣੇ। ਇਸ ਪਿਛੇ ਉਨ੍ਹਾਂ ਦਾ ਗਿਆਨਵਾਨ ਹੋਣਾ ਤੇ ਸਮਾਜਕ ਸੂਝ ਦਾ ਹੋਣਾ ਮੰਨਿਆ ਗਿਆ ਹੈ। ਇਨ੍ਹਾਂ ਸਵੈ-ਜੀਵਨੀਆਂ 'ਚ 'ਵਿੱਦਿਆ' ਇਕ ਚਿਹਨ ਦੇ ਤੌਰ ਤੇ ਬਿਰਤਾਂਤ ਦਾ ਹਿੱਸਾ ਬਣੀ ਹੈ ਜਿਸ ਰਾਹੀਂ ਉਹ ਆਪਣੀ ਬੌਧਿਕ ਸਮਰੱਥਾ ਰਾਹੀ ਗਿਆਨਵਾਨ ਬਣੇ ਤੇ ਆਰਥਕ ਤੌਰ ਦੇ ਵਿੱਦਿਆ ਰਾਹੀ ਉੱਪਰ ਉੱਠੇ। ਇਹ ਵਰਤਾਰਾ ਚਾਹੇ ਉੱਤਰੀ ਭਾਰਤ ਦਾ ਹੋਵੇ ਜਾਂ ਮੱਧ ਭਾਰਤ ਜਾਂ ਦੱਖਣੀ ਭਾਰਤ ਦਾ। ਅਜਿਹੀ ਹੀ ਦੱਖਣੀ ਭਾਰਤ ਦੇ ਅਛੂਤ ਪਰਿਵਾਰ ਦੀ ਸਮਾਜਕ ਇਤਿਹਾਸਕਾਰੀ ਕੀਤੀ ਗਈ ਹੈ ਸਵੈ-ਜੀਵਨੀ 'ਮੇਰੇ ਪਿਤਾ ਬਾਲੱਯਾ' ਵਿੱਚ। ਇਸ ਰਾਹੀ ਅਸੀਂ ਜਾਤੀ ਬਣਤਰ ਦੀਆਂ ਪੀਡੀਆਂ ਗੰਢਾਂ ਨੂੰ ਸਮਝ ਸਕਦੇ ਹਾਂ। ਜਿਹੜੀਆਂ ਗੰਢਾਂ ਵਿੱਦਿਆ ਨਾਲ ਖੁੱਲ੍ਹਦੀਆਂ ਹਨ। ਸਵੈ-ਜੀਵਨੀਕਾਰ ਵਾਈ. ਬੀ. ਸੱਤਯਾਨਾਰਾਇਣ ਤੈਲਗੂ ਭਾਸ਼ਾ ਦਾ ਲੇਖਕ ਹੈ। ਉਹਦਾ ਵਿਸ਼ਾ ਸਾਹਿਤ ਨਹੀਂ ਵਿਗਿਆਨ ਹੈ। ਉਸਦੇ ਪੁਰਖੇ ਤੇਲੰਗਾਨਾ-ਆਂਧਰਾ ਪ੍ਰਦੇਸ਼ ਦੇ ਪੇਂਡੂ ਖੇਤਰਾਂ ਵਿਚ ਨਰਕੀ ਜ਼ਿੰਦਗੀ ਜਿਉਂਦੇ ਰਹੇ ਸਨ। ਸੱਤਯਾਨਾਇਣ ਨੇ ਇਸ ਸਵੈ-ਜੀਵਨੀ ਵਿਚ ਪ੍ਰਚੱਲਤ ਮਿੱਥ ਕਿ ਅਛੂਤ ਦਲਿਤ ਦਿਮਾਗੀ ਤੌਰ ਤੇ ਬੁੱਧੀਹੀਣ ਹੁੰਦੇ ਹਨ, ਨੂੰ ਸਾਇੰਸ ਦੀ ਉੱਚ ਵਿੱਦਿਆ ਪ੍ਰਾਪਤ ਕਰਕੇ ਤਰਕ ਨਾਲ ਤੋੜਿਆ ਹੈ। ਕੇਵਲ ਉਹ ਹੀ ਨਹੀਂ ਬਲਕਿ ਉਹਦੇ ਤਿੰਨ ਭਰਾ ਵੀ ਸਾਇੰਸ ਵਿਚ ਕਾਲਜ ਪ੍ਰੋਫੈਸਰ ਦੇ ਅਹੁਦੇ ਤੱਕ ਪਹੁੰਚਦੇ ਹਨ।

ਮੂਲ ਅੰਗਰੇਜ਼ੀ ਭਾਸ਼ਾ ਵਿੱਚ ਲਿਖੀ ਗਈ ਇਹ ਸਵੈ-ਜੀਵਨੀ “My 6ather 2aliah” ਦਾ ਬਲਬੀਰ ਮਾਧੋਪੁਰੀ ਨੇ ਢੁੱਕਵੀਂ ਭਾਸ਼ਾ ਵਿਚ ਅਨੁਵਾਦ ਕੀਤਾ ਹੈ। ਸਵੈ-ਜੀਵਨੀ ਦੇ ਦੋ ਭਾਗ ਹਨ ਪਹਿਲੇ ਭਾਗ ਵਿਚ ਸੱਤਯਾਨਾਰਾਇਣ ਆਪਣੇ ਪੁਰਖਿਆ ਦੀਆਂ ਤਿੰਨ ਪੀੜ੍ਹੀਆਂ ਰਾਹੀਂ ਆਂਧਰਾ ਦੇ ਪੇਂਡੂ ਸਮਾਜ ਵਿਚ ਪਈਆਂ ਜਾਤੀ ਬਣਤਰ ਦੀਆਂ ਜੜ੍ਹਾਂ ਨੂੰ ਸਹਿਜ ਤਰੀਕੇ ਨਾਲ ਪੇਸ਼ ਕਰਦਾ ਹੈ। ਸਵੈ ਜੀਵਨੀ 'ਚ ਮਾਦਿਗਾ ਜਾਤੀ ਦੀ ਕਹਾਣੀ ਹੈ ਜੋ ਆਂਧਰਾ ਪ੍ਰਦੇਸ਼ 'ਚ ਚਮਾਰ ਜਾਤੀ ਹੈ ਤੇ ਚਮੜੇ ਦਾ ਕੰਮ ਕਰਦੀ ਹੈ। ਸਵੈ-ਜੀਵਨੀ 'ਚ ਲੇਖਕ ਨੇ ਵੱਖ-ਵੱਖ ਚਿਹਨਾ ਰਾਹੀ ਸਮਾਜਕ ਬਣਤਰ ਨੂੰ ਪੇਸ਼ ਕੀਤਾ ਹੈ। ਅਛੂਤ ਲੋਕਾਂ ਨੂੰ ਭੈੜੇ ਸ਼ਬਦਾਂ ਨਾਲ ਤੇ ਉੱਚੀ ਜਾਤੀ ਨੂੰ ਆਦਰ ਸੂਚਕ ਸ਼ਬਦਾਂ ਨਾਲ ਬੁਲਾਇਆ ਜਾਂਦਾ ਹੈ। ਅਛੂਤ 'ਗਾਡੂ' ਘ੍ਰਿਣਾ ਸੂਚਕ ਤੇ 'ਅੱਯਾ' ਆਦਰ ਸੂਚਕ ਸ਼ਬਦ ਹਨ। ਉੱਚ ਜਾਤੀ ਹਿੰਦੂ 'ਪੋਚੰਮਾ' ਤੇ ਅਛੂਤ ਹੋਣ ਤੇ 'ਪੋਚਾ' ਬਣ ਜਾਂਦਾ ਹੈ।

ਅਛੂਤਾਂ ਦੀ ਬਸਤੀ ਹਰੀਜਨਵਾੜਾ ਦੇ ਨਾਂ ਨਾਲ ਜਾਣੀ ਜਾਂਦੀ ਵੰਗਪੱਲੀ-ਤੇਲੰਗਾਨਾ ਦੇ ਕਰੀਮ ਜ਼ਿਲ੍ਹੇ ਦੇ ਪਿੰਡ ਦੀ ਬਸਤੀ ਹੈ। ਸਵੈ-ਜੀਵਨੀ ਦੀ ਸ਼ੁਰੂਆਤ ਨਾਲ ਹੁੰਦੀ ਹੈ, 'ਇਕ ਲੰਮਾ ਜਿਹਾ ਆਦਮੀ... ਭਰੇ ਮਨ ਨਾਲ ਆਪਣੇ ਪਿੰਡ ਤੋਂ ਦੂਰ ਜਾ ਰਿਹਾ ਸੀ। ਆਪਣੀ ਪਿੱਠ 'ਤੇ ਉਸ ਨੇ ਆਪਣੀ ਤੀਵੀਂ ਦੀ ਲਾਸ਼ ਬੰਨ੍ਹੀ ਹੋਈ ਸੀ ਤੇ ਨਾਲ ਨਾਲ ਪੈਰ ਘਸੀਟਦਾ ਜਾ ਰਿਹਾ ਸੀ ਉਹਦਾ ਛੋਟਾ ਜਿਹਾ ਪੁੱਤ।" ਮੁੱਢਲੇ ਬਿਰਤਾਂਤ ਤੋਂ ਪਾਠਕ ਭਲੀਭਾਂਤੀ ਉਥੋਂ ਦੇ ਸਮਾਜ ਨੂੰ ਸਮਝ ਸਕਦੇ ਹਨ। ਜੋ ਬੰਦਾ ਲਾਸ਼ ਲੈ ਕੇ ਜਾਂਦਾ ਹੈ ਉਹਦਾ ਨਾਂ ਨਰਸੱਯਾ ਹੈ ਜੋ ਆਂਧਰਾ ਦੇ ਮਾਦਿਗਾ (ਚਮਾਰ) ਜਾਤੀ ਵਿੱਚ ਪੈਦਾ ਹੋਇਆ ਹੈ। ਪਿੰਡ ਚੋਂ ਹਿਜਰਤ ਦਾ ਕਾਰਨ ਜ਼ਮੀਨ ਖੋਹਣ ਦੇ ਪ੍ਰਸੰਗ ਰਾਹੀ ਪਿਛੋਕੜ ਵਿੱਚੋਂ ਉਭਰਦਾ ਹੈ। ਨਰਸੱਯਾ ਦਾ ਪਿਤਾ ਚਮੜੇ ਦੇ ਜੁੱਤੇ ਤਿਆਰ ਕਰਦਾ ਹੈ। ਕਿਤੇ ਪਿੰਡ ਵਿੱਚੋਂ ਦੱਖਣ ਦਾ ਨਿਜ਼ਾਮ ਮੀਰ ਤਹਿਨੀਯਾਤ ਅਲੀ ਖਾਨ ਅਫ਼ਜ਼ਲੁਦੌਲਾ ਲੰਘਦਾ ਹੈ। ਉਹ ਜਦੋਂ ਨਰਸੱਯਾ ਦੇ ਪਿਤਾ ਦੇ ਤਿਆਰ ਕੀਤੇ ਜੁੱਤੇ ਪਾਉਂਦਾ ਤਾਂ ਉਹਨੂੰ ਬੜੇ ਚੰਗੇ ਲੱਗਦੇ ਹਨ ਉਹ 1719 'ਚ ਪੰਜਾਹ ਏਕੜ ਜ਼ਮੀਨ ਉਹਦੇ ਨਾਂ ਕਰ ਦਿੰਦਾ ਹੈ। ਉੱਚ ਜਾਤੀ ਦਾ ਲੰਬੜਦਾਰ ਜਿਸ ਨੂੰ ਉਥੇ 'ਦੌਰਾਂ' ਕਿਹਾ ਜਾਂਦਾ ਹੈ ਉਹ ਸਾਰੀ ਜ਼ਮੀਨ ਜਬਰੀ ਲੈ ਲੈਂਦਾ ਤੇ ਕੇਵਲ ਦੋ ਏਕੜ ਉਸਨੂੰ ਦਿੰਦਾ ਹੈ। ਇਕ ਸਮੇਂ ਨਰਸੱਯਾ ਦੀ ਪਤਨੀ ਅੱਬੰਮਾ ਮਰ ਜਾਂਦੀ ਹੈ ਉਹ ਆਪਣੇ ਪੁੱਤ ਨੂੰ ਚੁੱਕ ਤੇ ਪਤਨੀ ਦੀ ਲਾਸ਼ ਨੂੰ ਧੂੰਹਦਾ ਪਿੰਡ ਛੱਡ ਦਿੰਦਾ ਹੈ। ਰਸਤੇ ਵਿਚ ਪਤਨੀ ਦੀ ਲਾਸ਼ ਦੱਬ ਕੇ ਆਪਣੇ ਮਾਮੇ ਦੇ ਘਰ ਚਲੇ ਜਾਂਦਾ ਹੈ। ਜਾਤੀ ਬਣਤਰ 'ਚ ਬੱਝੇ ਪਿੰਡ ਨੂੰ ਛੱਡਣਾ ਹੀ ਉਹਦੀ ਜ਼ਿੰਦਗੀ ਦਾ ਨਵਾਂ ਅਧਿਆਏ ਖੋਲ੍ਹ ਦਿੰਦਾ ਹੈ।

ਲੇਖਕ ਸਵੈ ਜੀਵਨੀ ਵਿਚ ਇਹ ਗੱਲ ਵੀ ਤਰਕ ਨਾਲ ਉਭਾਰਦਾ ਹੈ ਕਿ ਅੰਗਰੇਜ਼ਾਂ ਦੇ ਆਉਣ ਨਾਲ ਅਛੂਤਾਂ ਲਈ ਵਿੱਦਿਆ ਤੇ ਰੋਜਗਾਰ ਦੇ ਦਵਾਰ ਖੁੱਲ੍ਹਦੇ ਹਨ। ਪੂਰੇ ਭਾਰਤ ਵਿਚ ਰੇਲਵੇਂ ਦਾ ਜਾਲ਼ ਵਿਛਾਉਣ ਦਾ ਕਾਰਜ ਭਾਵੇਂ ਅੰਗਰੇਜ਼ਾਂ ਨੇ ਆਪਣੇ ਹਿੱਤਾਂ ਲਈ ਕੀਤਾ ਪਰ ਇਸ ਰਾਹੀਂ ਅਛੂਤਾਂ ਲਈ ਨੌਕਰੀਆਂ ਲਈ ਰਾਹ ਖੁੱਲ੍ਹ ਗਿਆ। ਇਹ ਨੌਕਰੀਆਂ ਭਾਵੇਂ ਚੌਥਾ ਦਰਜੇ ਦੀਆਂ ਸਨ ਜਿਨ੍ਹਾਂ ਨੂੰ ਉੱਚ ਵਰਗ ਨਹੀਂ ਕਰਦਾ ਸੀ। ਹੇਠਲੀ ਸ਼੍ਰੇਣੀ ਦੇ ਕੰਮਾਂ ਲਈ ਅਛੂਤਾਂ ਦੀ ਭਰਤੀ ਕੀਤੀ ਜਾਣ ਲੱਗੀ ਇਸ ਸ਼੍ਰੇਣੀ ਨੂੰ 'ਗੈਂਗ ਮੈਨ' ਕਿਹਾ ਜਾਂਦਾ ਸੀ। ਇਹ ਲੋਕ ਰੇਲਵੇਂ ਦੀਆਂ ਭਾਰੀਆਂ ਪਟੜੀਆਂ ਚੁੱਕ ਕੇ ਜੰਗਲੀ ਥਾਵਾਂ ਚੋਂ ਲੰਘਦੇ ਸਨ। ਕਈ ਵਾਰ ਜੰਗਲੀ ਜਾਨਵਰ ਤੇ ਸੱਪ ਦੇ ਡੰਗ ਨਾਲ ਮਰ ਵੀ ਜਾਂਦੀ ਸਨ, ਪਰ ਅਛੂਤਾਂ ਨੂੰ ਰੇਲਵੇ ਨੇ ਆਰਥਕ ਤੌਰ ਤੇ ਤੱਕੜਾ ਕੀਤਾ। ਇਸ ਨਾਲ ਉਨ੍ਹਾਂ ਨੂੰ ਰੋਜਗਾਰ ਮਿਲਿਆ ਤੇ ਰਹਿਣ ਲਈ ਕੁਆਟਰ ਮਿਲੇ। ਇੰਝ ਉਹ ਮੁੱਢਲੇ ਦੌਰ ਵਿਚ ਜਾਤੀ-ਪਾਤੀ ਬਣਤਰ ਵਿੱਚ ਬੱਝੇ ਪੇਂਡੂ ਜੀਵਨ ਵਿੱਚੋਂ ਨਿਕਲੇ ਜਾਂ ਕੱਢ ਦਿੱਤੇ ਗਏ। ਇਥੇ ਰਹਿ ਕੇ ਉਨ੍ਹਾਂ ਨੇ ਸਮਾਜਕ ਬਣਤਰ ਬਾਰੇ ਜਾਣਕਾਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੂੰ ਥੋੜੀ ਸੋਝੀ ਆਈ। ਇਹ ਗੱਲ ਕਹਿਣ 'ਚ ਕੋਈ ਝਿਜਕ ਨਹੀਂ ਕਿ ਭਾਰਤ 'ਚ ਬ੍ਰਿਟਿਸ਼ ਯੁੱਗ 'ਚ ਅਛੂਤ ਲੋਕਾਂ ਲਈ ਵਿਕਾਸ ਕਰਨ ਦੇ ਰਾਹ ਖੁੱਲੇ। 'ਗੈਂਗ ਮੈਨ' ਤੋਂ ਇਲਾਵਾ ਅਛੂਤ ਜਾਤੀਆਂ ਵਿੱਚੋਂ 'ਪੁਆਇੰਟਸਮੈਨ' ਵੀ ਭਰਤੀ ਕੀਤੇ ਜਾਂਦੇ ਸਨ। ਇਹ ਲੋਕ ਚਲਦੀਆਂ ਗੱਡੀਆਂ ਦੇ ਡੱਬੇ ਜੰਜੀਰਾ ਲਾ ਕੇ ਰੋਕਦੇ ਸਨ। ਇਹ ਵੀ ਖਤਰਨਾਕ ਕੰਮ ਸੀ। ਇਹੋ ਨੌਕਰੀ ਨਰਸੱਯਾ ਨੂੰ ਰੇਲਵੇ ਵਿੱਚ ਮਿਲਦੀ ਹੈ। ਇਹ ਖਤਰਨਾਕ ਕੰਮ ਸਨ ਜਿਸ ਨਾਲ ਅਛੂਤਾਂ ਦੇ ਹੱਥ ਪੈਰ ਕੱਟੇ ਜਾਂਦੇ ਸਨ। ਨਰਸੱਯਾ ਦਾ ਪੁੱਤ ਰਾਮਸਵਾਮੀ (ਉਹ ਨਿੱਕਾ ਬਾਲ ਜੋ ਮਾਂ ਦੀ ਲਾਸ਼ ਦੇ ਮਗਰ ਮਗਰ ਤੁਰਦਾ ਹੈ) ਦੇ ਮਨ 'ਚ ਪੜ੍ਹਨ ਦੀ ਰੁਚੀ ਪੈਦਾ ਹੁੰਦੀ ਹੈ। ਪਰ ਅਛੂਤ ਲਈ ਸਕੂਲ ਜਾਣਾ ਪਾਪ ਹੈ। ਇਕ ਦਿਨ ਮਸੀਤ ਦਾ ਮੁੱਲਾਂ ਰਾਮਾ ਸਵਾਮੀ ਨੂੰ ਪੜ੍ਹਾਉਣ ਲਈ ਅੱਗੇ ਆਉਂਦਾ ਹੈ ਤੇ ਮਸਜਿਸ 'ਚ ਪੜ੍ਹਨ ਆਉਣ ਲਈ ਕਹਿੰਦਾ ਹੈ। ਇੰਝ

ਸਦੀਆਂ ਤੋਂ ਪੜ੍ਹਨ-ਲਿਖਣ ਤੋਂ ਵਿਰਵੇ ਰੱਖੇ 'ਯੇਲੁਕੁਟੀ' ਸਮਾਜ 'ਚ ਇਕ ਮੁਸਲਮਾਨ ਉਸਤਾਦ ਪੜ੍ਹਾਈ ਦੇ ਬੀਜ ਬੀਜਦਾ ਹੈ। ਜਿਹੜਾ ਕਿ ਉਸ ਵੇਲੇ ਇਕ ਕ੍ਰਾਂਤੀਕਾਰੀ ਕਦਮ ਹੁੰਦਾ ਹੈ। ਜੋ ਆਗਲੀਆਂ ਪੀੜ੍ਹੀਆਂ ਦੀ ਜ਼ਿੰਦਗੀ ਹੀ ਬਦਲ ਦਿੰਦਾ ਹੈ।

ਸੱਤਯਾਨਾਰਾਇਣ ਦੇ ਪੁਰਖਿਆ ਦੀਆਂ ਤਿੰਨ-ਚਾਰ ਪੀੜ੍ਹੀਆਂ ਰੇਲਵੇ 'ਚ ਚੌਥੇ ਦਰਜੇ ਦੀ ਨੌਕਰੀ ਕਰਕੇ ਉੱਪਰ ਉੱਠਦੀਆਂ ਹਨ। ਇਸ ਸੰਘਰਸ਼ ਦੇ ਨਾਲ ਨਾਲ ਸਵੈ-ਜੀਵਨੀ 'ਚ ਰੇਲਵੇ ਦੇ ਮੈਨੂਅਲ ਕੰਮ ਨੂੰ ਵੀ ਬਰੀਕੀ ਨਾਲ ਪੇਸ਼ ਕੀਤਾ ਗਿਆ ਹੈ। ਕਿਵੇਂ ਲਾਇਨ ਕਲੀਅਰ ਦੱਸਣਾ ਹੈ। ਸਿਗਨਲ ਕਿਵੇਂ ਦੇਣੇ ਹਨ। ਕੈਰੋਸੀਨ ਪਾ ਕੇ ਲਾਇਟ ਲਾਗਾਉਣੀ ਹੈ। ਇਹ ਸਾਰਾ ਕੰਮ ਨਰਸਯਾ ਕਰਦਾ ਹੈ। ਲੇਖਕ ਇਹ ਬਿਰਤਾਂਤ ਵੀ ਪੇਸ਼ ਕਰਦਾ ਹੈ ਕਿ ਚਾਹੇ ਰੇਲਵੇ ਵਿਚ ਚੌਥਾ ਦਰਜੇ 'ਚ ਅਛੂਤ ਭਰਤੀ ਕਰਨੇ ਸਨ ਉਹ ਕੰਮ ਵੀ ਫਰੈਂਕ ਵਿਲਸਨ ਸਾਹਿਬ ਵਰਗੇ ਅੰਗਰੇਜ਼ ਹੀ ਕਰਦੇ ਹਨ। ਫਰੈਂਕ ਨਰਸੱਯਾ ਦੇ ਪੁੱਤਰ ਰਾਮਸਵਾਮੀ ਨੂੰ ਰੇਲਵੇ 'ਚ ਨੌਕਰੀ ਤੇ ਰੱਖ ਲੈਂਦੇ ਹਨ। 1930 ਵਿਚ ਨਰਸੱਯਾ ਦਾ ਪਰਿਵਾਰ ਸਿਕੰਦਰਾਬਾਦ ਰੇਲਵੇ ਸਟੇਸ਼ਨ ਚਲੇ ਜਾਂਦਾ ਹੈ। ਇਸ ਪਰਿਵਾਰ ਦੀਆਂ ਅਗਲੀਆਂ ਤਿੰਨ ਪੀੜ੍ਹੀਆਂ ਉੱਥੇ ਰਹਿੰਦੀਆਂ, ਰੇਲਵੇ ਅਤੇ ਆਪਣਾ ਵਿਕਾਸ ਵੇਖਦੀਆਂ ਹਨ। ਕਿਵੇਂ ਰੇਲਵੇ 'ਚ ਮੈਨੂਅਲ ਸਿਗਨਲ ਤੋਂ ਇਲੈਕਟ੍ਰੀਕਲ ਸਿਗਰਨ ਤੇ ਭਾਫ਼ ਇੰਜਣਾਂ ਦੀ ਥਾਂ ਇਲੈਕਟ੍ਰਿਕ ਇੰਜਣ ਆਉਂਦੇ ਹਨ। ਜਦੋਂ ਇਕ ਚੋਰੀ ਦੇ ਜ਼ੁਰਮ ਵਿਚ ਰਾਮਸਵਾਮੀ ਨੂੰ ਰੇਲਵੇ 'ਚੋਂ ਕੱਢ ਦਿੱਤਾ ਜਾਂਦਾ ਹੈ ਤਾਂ ਫਿਰ ਇਕ ਅੰਗਰੇਜ਼ ਫਰੈਂਕਲਿਨ ਦੀ ਮਿਹਰਬਾਨੀ ਨਾਲ ਰਾਮਸਵਾਮੀ ਬਾਲੱਯਾ' ਦੇ ਨਾਂ ਹੇਠ ਮੁੜ ਨੌਕਰੀ ਤੇ ਰੱਖ ਲਿਆ ਜਾਂਦਾ ਹੈ। ਇਹ ਬਾਲੱਯਾ ਹੀ ਸਵੈ ਜੀਵਨੀ ਦਾ ਸ਼ਕਤੀਸ਼ਾਲੀ ਪਾਤਰ ਹੈ ਜਿਹੜਾ ਸੱਤਯਾਨਾਰਾਇਣ, ਸਵੈ -ਜੀਵਨੀਕਾਰ ਦੇ ਬਾਪ ਦੇ ਰੂਪ ਵਿਚ ਉਭਰਦਾ ਹੈ। ਲੇਖਕ ਦਾ ਦਾਦਾ ਰਾਮਾ ਸਵਾਮੀ ਤੇ ਨਰਸੰਮਾ ਜਦੋਂ ਰੇਲਵੇ ਦੇ ਕੁਆਟਰਾ 'ਚ ਰਹਿੰਦੇ ਹਨ ਤੇ ਉਹ ਆਪਣੇ ਬੱਚਿਆਂ ਨੂੰ ਰੇਲਵੇ ਦੇ ਸਕੂਲਾਂ ਵਿਚ ਪੜ੍ਹਾਉਂਦੇ ਹਨ। ਉਨ੍ਹਾਂ ਦੇ ਮਨ ਵਿਚ ਪਤਾ ਨਹੀਂ ਇਹ ਚੇਤਨਾ ਕਿਵੇਂ ਆਉਂਦੀ ਹੈ ਕਿ ਪੜ੍ਹਾਈ ਹੀ ਸਾਡੀ ਮੁਕਤੀ ਦਾ ਰਾਹ ਹੈ। ਉਹ ਆਪ ਭੁੱਖੇ ਰਹਿ ਕੇ ਬੱਚਿਆਂ ਨੂੰ ਸਕੂਲ ਪੜ੍ਹਾਉਂਦੇ ਹਨ। ਆਪਣੇ ਮਾਂ ਬਾਪ ਦੀ ਪੜ੍ਹਾਉਣ ਦੀ ਪਰੰਪਰਾ ਲੇਖਕ ਦਾ ਪਿਤਾ ਬਾਲੱਯਾ ਵੀ ਕਾਇਮ ਰੱਖਦਾ ਹੈ। ਬਾਲੱਯਾ ਦੀਆਂ ਦੋ ਪਤਨੀਆਂ ਦੀ ਕੁੱਖੋ 12 ਬੱਚੇ ਪੈਦਾ ਹੁੰਦੇ ਹਨ। ਬਾਲੱਯਾ ਦਾ ਵਿਆਹ ਨਰਸੰਮਾ ਨਾਲ ਹੁੰਦਾ ਹੈ ਉਹ ਵੀ ਉਹਦੇ 10 ਬੱਚਿਆਂ ਦੀ ਮਾਂ ਬਣਦੀ ਹੈ। ਇਸ ਵਿਚਕਾਰ ਉਹ ਲਕਸਸੰਮਾ ਨਾਲ ਵੀ ਵਿਆਹ ਕਰ ਲੈਂਦਾ ਹੈ ਪਰ ਇਕ ਝਗੜੇ ਕਾਰਨ ਉਹਨੂੰ ਕੁੱਟ ਕੇ ਘਰੋਂ ਕੱਢ ਦਿੰਦਾ ਹੈ ਤੇ ਉਹਦਾ ਬੱਚਾ ਖੋਹ ਲੈਂਦਾ ਹੈ। ਜਦੋਂ ਬਾਲੱਯਾ ਆਪਣੇ ਵੱਡੇ ਪੁੱਤਰ ਅੱਬਾਸਾਯੂਲ ਨੂੰ ਸਕੂਲ ਭੇਜਦਾ ਹੈ ਇਹ ਯੇਲੁਕੁਟੀ ਪਰਿਵਾਰ ਦਾ ਪਹਿਲਾਂ ਬੱਚਾ ਹੁੰਦਾ ਹੈ ਜੋ ਰੇਲਵੇ ਦੇ ਸਕੂਲ ਵਿਚ ਪੜ੍ਹਨ ਜਾਂਦਾ ਹੈ। ਇਹ ਬੱਚਾ ਬਾਅਦ ਵਿਚ ਰੇਲਵੇ ਦੇ ਉੱਚ ਅਹੁੱਦੇ ਤੋਂ ਉਪਰੰਤ ਕਾਲਜ ਵਿਚ ਪ੍ਰੋਫੈਸਰ ਲੱਗਦਾ ਹੈ। ਨਰਸੰਮਾ ਦੇ ਪੇਟੋ ਛੇਵਾਂ ਬੱਚਾ ਜਦੋਂ ਪੈਦਾ ਹੁੰਦਾ ਹੈ ਤਾਂ ਉਹਦਾ ਨਾਂ ਸੱਤਯਾ ਰੱਖਿਆ ਜਾਂਦਾ ਹੈ ਜਿਹੜਾ ਬਾਅਦ ਵਿਚ ਇਸ ਪੁਸਤਕ ਦਾ ਲੇਖਕ ਬਣਦਾ ਹੈ। ਪੁਸਤਕ ਦੇ ਪਹਿਲੇ ਭਾਗ 'ਚ ਲੇਖਕ ਨੇ ਆਪਣੇ ਪੁਰਖਿਆ ਦੇ ਸੰਘਰਸ਼, ਮੁੱਢਲੀ ਪੜ੍ਹਾਈ ਅਤੇ ਰੇਲਵੇ 'ਚ ਚੌਥੇ ਦਰਜੇ ਦੀ ਨੌਕਰੀ ਮਿਲਣ ਦੇ ਬਿਰਤਾਂਤ ਪੇਸ਼ ਕੀਤੇ ਹਨ। ਇਸ ਬਿਰਤਾਂਤ ਵਿਚ ਇਹ ਗੱਲਾਂ ਸਹਿਜ ਨਾਲ ਉਭਰ ਕੇ ਆਉਂਦੀਆਂ ਹਨ ਕਿ ਲੇਖਕ ਦੇ ਪੁਰਖੇ ਥੱਲਿਓ ਉੱਠ ਕੇ ਆਪਣੇ ਅਸਤਿਤਵ ਦੀ ਲੜਾਈ ਵਿੱਦਿਆ ਤੇ ਨੌਕਰੀ ਰਾਹੀ ਲੜਦੇ ਹਨ। ਉਨ੍ਹਾਂ ਦੇ ਅਵਚੇਤਨ ਵਿਚ ਇਹ ਗੱਲਾਂ ਕਿਤੇ ਨਾ ਕਿਤੇ ਪਈਆਂ ਸਨ ਕਿ ਪੜ੍ਹਾਈ ਨਾਲ ਜਨ ਕਲਿਆਣ ਹੋਣਾ ਹੈ। ਅਛੂਤ ਸਮਾਜ ਤੇ ਸਾਡੇ ਪਰਿਵਾਰ ਦੀ ਤਰੱਕੀ ਦਾ ਇਕੋ ਇਕ ਰਾਹ ਵਿੱਦਿਆ ਹੈ।

ਰੇਲਵੇ 'ਚ ਜੋ ਐਂਗਲੋ ਇੰਡੀਅਨ ਲੋਕ ਨੌਕਰੀ ਕਰਦੇ ਸਨ ਉਹ ਭਿੱਟ, ਛੂਤ ਆਦਿ ਨਹੀਂ ਮੰਨਦੇ ਸਨ ਤੇ ਇਸ ਲਈ ਅਛੂਤ ਬੌਕਸਮੈਨ ਭਾਰੇ ਸੰਦੂਕ ਸਿਰ ਤੇ ਚੁੱਕ ਕੇ ਉਨ੍ਹਾਂ ਦੇ ਘਰ ਜਾ ਸਕਦੇ ਸਨ। ਪਹਿਲਾਂ ਪਹਿਲ ਨਰਸਿੰਲੂ, ਅੰਜੱਯਾ ਤੇ ਸੱਤਯਾ ਤਿੰਨੋਂ ਰੇਲਵੇ ਦੇ ਸਕੂਲ ਪੜ੍ਹਨ ਜਾਂਦੇ ਹਨ। ਜਦੋਂ ਲੇਖਕ ਦੇ ਪਿਤਾ ਬਾਲੱਯਾ ਦੀ ਬਦਲੀ ਸਿਕੰਦਰਾਬਾਦ ਦੀ ਹੁੰਦੀ ਹੈ ਤਾਂ ਸਾਰਾ ਪਰਿਵਾਰ ਉਥੇ ਰੇਲਵੇ ਕਵਾਟਰਾਂ 'ਚ ਚਲੇ ਜਾਂਦਾ ਹੈ। ਉਥੇ ਉਸ ਦੇ ਛੇ ਬੱਚਿਆਂ ਨੂੰ ਪੜ੍ਹਨ ਦੇ ਮੌਕੇ ਮਿਲਦੇ ਹਨ। ਪਿਤਾ ਦਾ ਸਾਰਾ ਧਿਆਨ ਬੱਚਿਆ ਦੀ ਪੜ੍ਹਾਈ ਵੱਲ ਹੈ ਕਿਉਂਕਿ ਉਨ੍ਹਾਂ ਦੀ ਤਰੱਕੀ ਪੜ੍ਹਨ ਨਾਲ ਹੀ ਹੋਣੀ ਹੈ। ਸਵੈ-ਜੀਵਨੀ 'ਚ ਉਹ ਬਿਰਤਾਂਤ ਸੰਵੇਦਨਾ ਭਰਪੂਰ ਹੈ ਜਿੱਥੇ ਪਿਤਾ ਬੱਲਯਾ ਆਪਣੇ ਬੱਚਿਆ ਨੂੰ ਪੜ੍ਹਨ ਲਈ ਘਰ ਵਿਚ ਮਹੌਲ ਸਿਰਜਦਾ ਹੈ। ਉਹ ਨਿੱਤ ਲਾਲਟੈਣਾਂ ਵਿਚ ਕੈਰੋਸੀਨ ਪਾ ਕੇ ਰੱਖਦਾ ਹੈ। ਉਨ੍ਹਾਂ ਨੂੰ ਸਖਤੀ ਨਾਲ ਪੜ੍ਹਨ ਲਈ ਪ੍ਰੇਰਦਾ ਹੈ। ਇਕ ਕਮਰੇ ਵਿਚ ਸੱਤ ਅੱਠ ਬੱਚੇ ਪੜ੍ਹਦੇ ਤੇ ਸੌਂਦੇ ਹਨ। ਇਕ

ਅਧਿਆਪਕ ਉਨ੍ਹਾਂ ਨੂੰ ਸੱਭਿਆ ਸਮਾਜ ਵਿਚ ਵਿਚਰਨ ਦੇ ਤਰੀਕੇ ਵੀ ਦੱਸਦਾ ਹੈ। ਪਰਿਵਾਰ ਉਦੋਂ ਬਹੁਤ ਖੁਸ਼ ਹੁੰਦਾ ਹੈ ਜਦੋਂ ਅੱਬਾਸਾਯੂਲ ਨੂੰ ਰੇਲਵੇ ਵਿਚ ਤੀਜੇ ਦਰਜੇ ਦੀ ਨੌਕਰੀ ਮਿਲਦੀ ਹੈ।

ਲੇਖਕ ਸੱਤਯਾਨਾਰਾਇਣ ਨੌਵੀਂ ਵਿਚ ਫੁੱਟਬਾਲ ਦਾ ਚੰਗਾ ਖਿਡਾਰੀ ਵੀ ਬਣਦਾ ਹੈ। ਪਰ ਪਿਤਾ ਪੜ੍ਹਨ ਬਾਰੇ ਹੀ ਜੋਰ ਦਿੰਦਾ ਹੈ। ਸਕੂਲ ਦਾ ਪ੍ਰਿੰਸੀਪਲ ਇਹ ਸੋਚ ਕੇ ਕਿ ਕਾਲਜ ਵਿਚ ਸੱਤਯਾ ਆਪਣੀ ਨੀਵੀਂ ਜਾਤੀ ਤੌਰ ਤੇ ਪੀੜਤ ਨਾ ਹੋਵੇ ਉਹਦਾ ਨਾਂ ਬਦਲ ਕੇ ਸੱਤਯਾਨਾਰਾਇਣ ਰੱਖ ਦਿੰਦਾ ਹੈ। ਬਾਲੱਯਾ ਦੀ ਨੌਕਰੀ ਚੌਥਾ ਦਰਜੇ ਦੀ ਹੁੰਦੀ ਹੈ ਉਸ ਦੀ ਤਨਖਾਹ ਭਾਵੇਂ ਘੱਟ ਹੈ ਪਰਿਵਾਰ ਵੱਡਾ ਹੈ ਜਿਸ ਕਾਰਨ ਜਦੋਂ ਨਵੀਆਂ ਜਮਾਤਾਂ ਵਿਚ ਬੱਚੇ ਜਾਂਦੇ ਸਨ ਤੇ ਬੱਲਯਾ ਆਪਣੇ ਫੰਡਾਂ ਵਿੱਚੋਂ ਪੈਸੇ ਲੈ ਕੇ ਬੱਚਿਆ ਦੀਆਂ ਕਿਤਾਬਾਂ ਤੇ ਫੀਸਾ ਭਰਦਾ ਸੀ। ਕਈ ਵਾਰ ਪਰਿਵਾਰ ਆਪ ਭੁੱਖਾ ਵੀ ਰਹਿੰਦਾ ਸੀ। ਜਦੋਂ ਲੇਖਕ ਸਿਕੰਦਰਾਬਾਦ ਕਾਲਜ ਆਫ ਆਰਟਸ ਐਂਡ ਸਾਇੰਸ 'ਚ ਪੜ੍ਹਨਾ ਸ਼ੁਰੂ ਕਰ ਦਿੰਦਾ ਹੈ ਤਾਂ ਬੱਲਯਾ ਬਹੁਤ ਖੁਸ਼ ਹੁੰਦਾ ਹੈ। ਉਹਦੇ ਮਨ ਦੇ ਸੁਪਨਾ ਕਿ ਬੱਚੇ ਉੱਚ ਵਿੱਦਿਆ ਪ੍ਰਾਪਤ ਕਰਨ ਪੂਰੇ ਹੋਣ ਲੱਗ ਪੈਂਦੇ ਹਨ। ਇਸੇ ਦੌਰਾਨ ਬੱਲਯਾ ਦੇ ਵੱਡੇ ਬੱਚੇ ਪੜ੍ਹ ਲਿਖ ਕੇ ਰੇਲਵੇ 'ਚ ਨੌਕਰੀਆਂ ਤੇ ਜਾਣ ਲੱਗ ਪੈਂਦੇ ਹਨ। ਘਰ ਦੀ ਆਰਥਿਕ ਸਥਿਤੀ ਖੁਸ਼ਹਾਲ ਹੋ ਰਹੀ ਸੀ। ਇਸ ਨਾਲ ਛੋਟੇ ਭੈਣ ਭਰਾਵਾਂ ਨੂੰ ਪੜ੍ਹਨ ਦੇ ਮੌਕੇ ਤੇ ਚੰਗਾ ਖਾਣ ਨੂੰ ਮਿਲਣ ਲੱਗ ਪਿਆ ਸੀ। 1961 'ਚ ਰੇਲਵੇ ਕਲੋਨੀਆਂ 'ਚ ਬਿਜਲੀ ਆ ਜਾਂਦੀ ਹੈ ਤੇ ਇਕ ਤਾਰ ਰਾਹੀਂ ਦਾਦੇ ਦੀ ਮੌਤ ਦੀ ਖ਼ਬਰ ਮਿਲਦੀ ਹੈ ਜਿਸ ਨੇ ਪਤਨੀ ਦੀ ਲੋਥ ਆਪ ਸਿਰ ਤੇ ਚੁੱਕ ਕੇ ਪਿੰਡੋਂ ਬਾਹਰ ਦਫਨਾਇਆ ਸੀ। ਜਦੋਂ ਲੇਖਕ ਸਮੇਤ ਤਿੰਨੋਂ ਭਰਾ ਗ੍ਰੈਜੂਏਟ ਹੋ ਜਾਂਦੇ ਹਨ ਤਾਂ ਉਨ੍ਹਾਂ ਲਈ ਵੱਡੀਆਂ ਨੌਕਰੀਆਂ ਦੇ ਦਵਾਰ ਖੁੱਲ੍ਹ ਜਾਂਦੇ ਹਨ। ਫਿਰ ਪੋਸਟ ਗ੍ਰੈਜੂਏਟ ਕਰਕੇ ਤਿੰਨੋਂ ਭਰਾ ਕਾਲਜਾਂ 'ਚ ਲੈਕਚਰਾਰ ਲੱਗ ਜਾਂਦੇ ਹਨ। ਨੌਕਰੀਆਂ ਨਾਲ ਲੇਖਕ ਦੇ ਪਰਿਵਾਰ ਦਾ ਰਹਿਣ ਸਹਿਣ ਬਦਲ ਜਾਂਦਾ ਹੈ। ਵਿੱਦਿਆ ਨੌਕਰੀ ਉਨ੍ਹਾਂ 'ਚ ਸਮਾਨਤਾ ਲਿਆਉਂਦੀ ਹੈ। ਅਛੂਤ ਔਰਤਾਂ ਮੁਖ ਧਾਰਾ ਵਿਚ ਵਿਚਰਨ ਲੱਗਦੀਆਂ ਹਨ ਉਹ ਜੋ ਗੋਡਿਆ ਤੱਕ ਸਾੜੀ ਪਹਿਨਦੀਆਂ ਸਨ ਹੁਣ ਪੈਰਾਂ ਤੱਕ ਪਹਿਨਣ ਲੱਗਦੀਆਂ ਹਨ ਮਰਦ ਜੋ ਪਹਿਲਾਂ ਅੱਧ ਨੰਗੇ ਰਹਿੰਦੇ ਸਨ ਹੁਣ ਪੂਰੇ ਕੱਪੜੇ ਪਾਉਣ ਲੱਗ ਪੈਂਦੇ ਹਨ।

ਸਵੈ-ਜੀਵਨੀ ਦਾ ਬਿਰਤਾਂਤ ਉਦੋਂ ਸ਼ਿਖਰ ਉੱਤੇ ਪਹੁੰਚਦਾ ਹੈ ਜਦੋਂ ਲੇਖਕ ਦਾ ਵੱਡਾ ਭਰਾ ਅੱਬਾਯੂਲੂ ਪੀਐੱਚ. ਡੀ. ਕਰਕੇ ਕਾਲਜ ਵਿਚ ਪ੍ਰੋਫੈਸਰ ਲੱਗਦਾ ਹੈ। ਅਤੇ 33 ਸਾਲ ਦੀ ਉਮਰ ਵਿਚ ਲੇਖਕ ਕਾਲਜ ਦਾ ਪ੍ਰਿੰਸੀਪਲ ਬਣ ਜਾਂਦਾ ਹੈ। ਜਦੋਂ ਉਨ੍ਹਾਂ ਵਿਚ ਵਿੱਦਿਆ ਨਾਲ ਉੱਚੇ ਦਰਜੇ ਦੀਆਂ ਨੌਕਰੀਆਂ ਆਉਂਦੀਆਂ ਹਨ ਤਾਂ ਜਾਤੀ ਨਫ਼ਰਤ ਤੇ ਭਿੱਟ ਮਿੱਟਣ ਲੱਗਦੀ ਹੈ। ਉਨ੍ਹਾਂ ਦੇ ਅੰਤਰਜਾਤੀ ਵਿਆਹ ਹੋਣ ਲੱਗ ਪੈਂਦੇ ਹਨ। ਲੇਖਕ ਦੇ ਇਕ ਭਰਾ ਨਰਸਿੰਗ ਰਾਓ ਬ੍ਰਾਹਮਣ ਜਾਤੀ ਦੀ ਔਰਤ ਨਾਲ ਅੰਤਰਜਾਤੀ ਵਿਆਹ ਕਰਵਾ ਲੈਂਦਾ ਹੈ। ਅਤੇ ਲੇਖਕ ਦਾ ਵਿਆਹ ਵੀ ਉੱਚ ਦਰਜੇ ਦੀ ਨੌਕਰੀ ਕਰਕੇ ਇਕ ਉੱਚ ਜਾਤੀ ਦੀ ਲੜਕੀ ਨਾਲ ਹੋ ਜਾਂਦਾ ਹੈ। ਵਿੱਦਿਆ ਪ੍ਰਾਪਤ ਕਰਨ ਉਪਰੰਤ ਨੌਕਰੀਆਂ ਤੇ ਲੱਗਣ ਤੋਂ ਬਾਅਦ ਅੰਤਰਜਾਤੀ ਵਿਆਹ ਕਰਵਾ ਕੇ ਇਕ ਤਰ੍ਹਾਂ ਨਾਲ ਲੇਖਕ ਦਾ ਪਰਿਵਾਰ ਅੰਬੇਡਕਰ ਦੀ ਵਿਚਾਰਧਾਰਾ ਨੂੰ ਅਚੇਤ ਤੌਰ ਤੇ ਅੱਗੇ ਤੋਰਦੇ ਹਨ। ਅੰਬੇਡਕਰ ਸਮਾਜ ਵਿਚ ਬਰਾਬਰਤਾ ਪੈਦਾ ਕਰਨ ਲਈ ਇਹ ਥੀਸਸ ਲੈ ਕੇ ਆਉਂਦਾ ਹੈ ਅੰਤਰਜਾਤੀ ਵਿਆਹ ਨਾਲ ਭਾਰਤੀ ਸਮਾਜ ਵਿਚ ਜਾਤ ਪਾਤ ਦੇ ਬੰਧਨ ਟੁੱਟਣਗੇ। ਤੇ ਸਮਾਜ ਬਰਾਬਰੀ ਵੱਲ ਵੱਧੇਗਾ। ਸੱਤਯਾਨਾਰਾਇਣ ਦੀ ਸੱਸ ਰਾਜਨੀਤੀ ਵਿਚ ਪੈਰ ਰੱਖਦੀ ਹੈ। ਉਹ ਲੇਖਕ ਤੇ ਦਾਬਾ ਪਾਉਣ ਦੀ ਕੋਸ਼ਿਸ਼ ਕਰਦਿਆਂ ਆਪਣੀ ਹਰ ਗੱਲ ਮੰਨਾਵਾਉਣ ਦੀ ਕੋਸ਼ਿਸ ਕਰਦੀ ਹੈ। ਲੇਖਕ ਅਚੇਤ ਤੌਰ ਤੇ ਇਸ ਪ੍ਰਸੰਗ ਰਾਹੀਂ ਦੱਸਣਾ ਚਾਹੁੰਦਾ ਹੈ ਕਿ ਕਿਵੇਂ ਉੱਚ ਜਾਤੀਆਂ ਦੇ ਲੋਕ ਆਪਣੀਆਂ ਕੁੜੀਆਂ ਦੇ ਵਿਆਹ ਕਰ ਕੇ ਅਛੂਤ ਜਾਤੀ ਦੇ ਪੜ੍ਹੇ ਲਿਖੇ ਲੋਕਾਂ ਨੂੰ ਆਪਣੇ ਵਿਚ ਵਲੀਨ ਕਰਦੇ ਹਨ। ਉੱਧਰ ਲੇਖਕ ਦਾ ਇਕ ਭਰਾ ਯਾਦਗਿਰੀ ਉਸਮਾਨੀਆਂ ਯੂਨੀਵਰਸਿਟੀ 'ਚ ਦਾਖਲਾ ਲੈ ਕੇ ਖੱਬੇਪੱਖੀ ਵਿਚਾਰਧਾਰਾ ਵੱਲ ਖਿੱਚਿਆ ਜਾਂਦਾ ਹੈ। ਫਿਰ ਉਹ ਇਕ ਰਹੱਸ ਭਰੇ ਤਰੀਕੇ ਨਾਲ ਅੰਡਰਗਰਾਊਂਡ ਹੋ ਕੇ ਲੁਪਤ ਹੋ ਜਾਂਦਾ ਹੈ।

ਜਦੋਂ ਲੇਖਕ ਸਮੇਤ ਉਹਦੇ ਭਰਾ ਨੌਕਰੀਆਂ ਉੱਤੇ ਲੱਗ ਜਾਂਦੇ ਹਨ। ਲੜਕੀਆਂ ਵਿਆਹੀਆਂ ਜਾਂਦੀਆਂ ਹਨ ਤਾਂ ਲੇਖਕ ਦੇ ਮਾਤਾ ਪਿਤਾ ਬਾਲੱਯਾ ਅਤੇ ਨਰਸੰਮਾ ਬਜ਼ੁਰਗ ਹੋ ਜਾਂਦੇ ਹਨ। ਬਿਮਾਰੀਆਂ ਉਨ੍ਹਾਂ ਨੂੰ ਘੇਰ ਲੈਂਦੀਆਂ ਹਨ। ਉਹ ਜੋੜਾ ਜਿਸ ਨੇ ਆਪਣੇ 12 ਬੱਚਿਆਂ ਨੂੰ ਪਾਲਿਆ, ਵੱਡਾ ਕੀਤਾ ਅਤੇ ਉਨ੍ਹਾਂ ਨੂੰ ਵਿੱਦਿਆ ਦਿੱਤੀ ਅਤੇ ਨੌਕਰੀਆਂ ਤੇ ਲਗਾਇਆ ਉਨ੍ਹਾਂ ਦੀ ਸਥਿਤੀ ਤਰਸਯੋਗ

ਹੋ ਜਾਂਦੀ ਹੈ। ਆਪਣੀ ਅਗਲੀ ਪੀੜ੍ਹੀ ਨੂੰ ਸਮਾਜ ਵਿਚ ਬਰਾਬਰੀ ਦਾ ਦਰਜਾ ਦੇਣ ਲਈ ਉਹ ਬੜੀ ਮੁਸ਼ਕਲ ਨਾਲ ਜੀਵਨ ਜਿਉਂਦੇ ਹਨ ਅੰਤਲਾ ਸਮਾਂ ਬਹੁਤ ਪੀੜ ਭਰਿਆ ਹੁੰਦਾ ਹੈ। ਇਸ ਸਥਿਤੀ ਨੂੰ ਉਨ੍ਹਾਂ ਦੇ ਬੱਚੇ ਸਮਝਦੇ ਵੀ ਹਨ। ਸਵੈ-ਜੀਵਨੀ ਵਿਚ ਬਾਲੱਯਾ ਆਪਣੀ ਜ਼ਮੀਨ ਨੂੰ ਪ੍ਰਾਪਤ ਕਰਨ ਲਈ ਆਪਣੇ ਪੜ੍ਹੇ ਲਿਖੇ ਬੱਚਿਆਂ ਨੂੰ ਲੈ ਕੇ ਮੁੜ ਪਿੰਡ ਵੀ ਜਾਂਦਾ ਹੈ। ਅਦਾਲਤ ਵਿਚ ਵੀ ਜਾਂਦਾ ਹੈ ਉਹ ਆਪਣੇ ਪੁਰਖਿਆ ਦੀ ਜ਼ਮੀਨ ਪ੍ਰਾਪਤ ਕਰਨਾ ਚਾਹੁੰਦਾ ਹੈ। ਪਰ ਅਦਾਲਤ ਦਾ ਫੈਸਲਾ ਉਨ੍ਹਾਂ ਦੇ ਵਿਰੁੱਧ ਆ ਜਾਂਦਾ ਹੈ।

ਸਵੈ-ਜੀਵਨੀ ਵਿਚ ਇਹ ਪ੍ਰਸੰਗ ਵਿਚ ਬੜਾ ਅਹਿਮ ਹੈ ਕਿ ਕਿਵੇਂ ਉੱਚ ਜਾਤੀ ਦੇ ਕਾਲਜਾਂ ਦੇ ਪ੍ਰਿੰਸੀਪਲ ਦਲਿਤ, ਅਛੂਤ ਪੜ੍ਹਨ ਵਾਲੇ ਬੱਚਿਆਂ ਨੂੰ ਵਿੱਦਿਆ ਪ੍ਰਾਪਤੀ ਦੇ ਅਧਿਕਾਰ ਤੋਂ ਵਾਂਝੇ ਕਰਨ ਦੀ ਕੋਸ਼ਿਸ਼ ਕਰਦੇ ਹਨ। ਲੇਖਕ ਜਦੋਂ ਕਾਲਜ ਵਿਚ ਪ੍ਰਿੰਸੀਪਲ ਸੀ ਤਾਂ ਉੱਚ ਜਾਤੀ ਦੇ ਰੈਡੀ ਵਰਗੇ ਕਾਲਜ ਅਧਿਆਪਕ ਉਸ ਨੂੰ ਠਿੱਠ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਜਾਲ਼ ਵਿਛਾਉਂਦੇ ਰਹਿੰਦੇ ਹਨ। ਲੇਖਕ ਲਿਖਦਾ ਹੈ, "ਇਸ ਆਦਮੀ ਰਾਹੀਂ ਮੈਂ ਜਾਤੀਵਾਦ ਦਾ ਅਸਲੀ ਰੰਗ ਦੇਖਿਆ। ਰੈਡੀ ਮੇਰੇ ਸਾਹਮਣੇ ਨਿਰਮਾਣ 'ਚ ਰਹਿੰਦਾ ਪਰ ਪਿੱਠ ਪਿੱਛੇ ਉਹ ਮੇਰੇ ਪ੍ਰਤਿ ਵੈਰ-ਵਿਰੋਧ ਕਰਦਾ। ਉਹ ਅਜਿਹੇ ਹਾਲਾਤ ਬਣਾਉਣ ਦੇ ਮਨਸੂਬੇ ਤਿਆਰ ਕਰਦਾ ਕਿ ਮੈਂ ਆਪਣਾ ਅਹੁਦਾ ਛੱਡਣ ਨੂੰ ਮਜਬੂਰ ਹੋ ਜਾਵਾਂ। ਇਕ ਵਾਰ ਉਸ ਨੇ ਇਕ ਪ੍ਰੀਖਿਆ ਸਕੈਂਡਲ 'ਚ ਫਸਾਉਣ ਦੀ ਕੋਸ਼ਿਸ਼ ਕੀਤੀ। ਇਸ ਵਿਚ ਉਸ ਨੇ ਇਕ ਵਿਦਿਆਰਥੀ ਨੇਤਾ ਨੂੰ ਹਥਿਆਰ ਬਣਾ ਕੇ ਸਾਨੂੰ ਦੋਹਾਂ ਨੂੰ ਫਸਾਉਣ ਦੀ ਸਾਜ਼ਿਸ਼ ਬਣਾਈ। " (ਪੰਨਾ-198) ਪੀਐੱਚ. ਡੀ. ਦੇ ਥੀਸਿਜ਼ ਵੇਲੇ ਵੀ ਲੇਖਕ ਮੁਸ਼ਕਲ ਆਉਂਦੀ ਹੈ।

ਕਾਲਜ ਪ੍ਰਿੰਸੀਪਲ ਦਾ ਇਕ ਹੋਰ ਪ੍ਰਸੰਗ ਵਿਚ ਬਹੁਤ ਅਹਿਮ ਹੈ। ਜਿਸ 'ਚ ਇਕ ਕਾਲਜ ਦੇ ਪ੍ਰਿੰਸੀਪਲਾਂ ਦੀ ਦਿੱਲੀ ਵਿਚ ਇਕ ਕਾਂਨਫਰੰਸ ਹੁੰਦੀ ਹੈ ਜਿਸ ਵਿਚ ਸਾਰੇ ਜਰਨਲ ਪ੍ਰਿੰਸੀਪਲ ਹੀ ਹੁੰਦੇ ਨੇ ਉਹ ਸਾਰੇ ਇਕ ਸੁਰ ਹੋ ਕੇ ਅਨੁਸੂਚਿਤ ਬੱਚਿਆ ਦੇ ਰਾਖਵੇਂਕਰਨ ਦੇ ਖਿਲਾਫ਼ ਬੋਲਦੇ ਹਨ, "ਤੁਸੀਂ ਕਿੰਨੀ ਵੀ ਰਿਆਇਤ ਦੇ ਦਿਓ, ਹਰੀਜਨ ਸੁਧਰਨ ਵਾਲੇ ਨਹੀਂ ਹਨ। ਇਨ੍ਹਾਂ ਦੇ ਬੱਚੇ ਕਾਲਜ ਨੂੰ ਸਿਰਫ਼ ਵਜ਼ੀਫ਼ੇ ਦਾ ਪੈਸਾ ਲੈਣ ਲਈ ਆਉਂਦੇ ਹਨ।" (ਪੰਨਾ-205)

ਪਰ ਲੇਖਕ ਸੱਤਯਾਨਾਰਾਇਣ ਉਨ੍ਹਾਂ ਪ੍ਰਿੰਸੀਪਲ ਦੀ ਸੋਚਣੀ ਦੇ ਵਿਰੋਧ 'ਚ ਖੜਦਾ ਹੈ, "ਮੈਂ ਦਲਿਤ ਵਿਦਿਆਰਥੀਆਂ ਦੇ ਖ਼ਿਲਾਫ਼ ਕੀਤੀਆਂ ਟਿੱਪਣੀਆਂ ਉੱਤੇ ਸਖ਼ਤ ਇਤਰਾਜ਼ ਪ੍ਰਗਟ ਕਰਦਾ ਹਾਂ। ਇਹ ਇਰਾਦੇ ਨਿਰਾਦਰ ਵਾਲੇ ਹਨ। ਜੇ ਪ੍ਰਿੰਸੀਪਲ ਵਜੋਂ ਇਨ੍ਹਾਂ ਦਾ ਇਹ ਰਵੱਈਆ ਹੈ ਜਿਸ ਸੰਸਥਾ ਤੋਂ ਇਹ ਆਏ ਹਨ ਉਥੋਂ ਦੇ ਬਦਕਿਸਮਤ ਤੇ ਅਣਗੌਲੇ ਵਿਦਿਆਰਥੀ ਕਿਸ ਸਮਾਜਕ ਨਿਆਂ ਦੀ ਉਮੀਦ ਕਰਦੇ ਹਨ?" (ਪੰਨਾ-205) ਲੇਖਕ ਜੋਤੀਬਾ ਫੂਲੇ ਤੇ ਅੰਬੇਡਕਰ ਦੇ ਹਵਾਲੇ ਦਿੰਦਿਆਂ ਅੱਧਾ ਘੰਟਾ ਰਾਖਵਾਕਰਣ ਦੇ ਹੱਕ ਵਿਚ ਬੋਲਦਾ ਹੈ। ਲੇਖਕ ਜੋਤੀਬਾ ਫੂਲੇ ਦਾ ਹਵਾਲਾ ਦਿੰਦਾ ਅੱਗੇ ਕਹਿੰਦਾ ਹੈ, "ਹਰੇਕ ਪਿੰਡ ਵਿੱਚ ਸ਼ੂਦਰਾਂ ਲਈ ਸਕੂਲ ਹੋਣ ਪਰ ਉਨ੍ਹਾਂ ਵਿਚ ਕੋਈ ਬ੍ਰਾਹਮਣ ਅਧਿਆਪਕ ਨਾ ਹੋਵੇ। ਸ਼ੂਦਰ ਇਸ ਦੇਸ਼ ਦਾ ਜਾਵਨ ਤੇ ਜੀਵਨ-ਸਾਰ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿਰਫ਼ ਸੂਦਰਾਂ ਉਤੇ ਧਿਆਨ ਦੇਵੇ ਨਾਂ ਕਿ ਬ੍ਰਾਹਮਣਾਂ ਉਤੇ। ਸਰਕਾਰ ਨੂੰ ਚਾਹੀਦਾ ਹੈ ਕਿ ਸ਼ੂਦਰਾਂ ਦੀ ਸਮਾਜਕ, ਆਰਥਕ ਤੇ ਰਾਜਨੀਤਕ, ਸਭ ਤਰ੍ਹਾਂ ਨਾਲ ਮਦਦ ਕਰੇ ਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ 'ਚੋਂ ਬਾਹਰ ਕੱਢੇ।" (ਪੰਨਾ-206) ਲੇਖਕਾਂ ਦੇ ਇਨ੍ਹਾਂ ਵਿਚਾਰਾਂ ਨਾਲ ਨਿਰਦੇਸ਼ਕ ਦੇ ਵਿਚਾਰ ਬਦਲ ਜਾਂਦੇ ਹਨ।

ਸਵੈ ਜੀਵਨੀ ਦੇ ਨਾਇਕ ਯੇਲੁਕਟੀ ਬਾਲੱਯਾ ਦੇ ਜੀਵਨ ਦੇ ਅੰਤ ਨਾਲ ਸਵੈ ਜੀਵਨੀ ਦਾ ਅੰਤ ਹੋ ਜਾਂਦਾ ਹੈ। ਜਿਸ ਨੇ ਆਪਣੇ ਪੁਰਖਿਆ ਤੋਂ ਵਿੱਦਿਆ ਦੀ ਚੇਤਨਾ ਪ੍ਰਾਪਤ ਕੀਤਾ ਅਤੇ ਆਪਣੇ ਬੱਚਿਆਂ ਨੂੰ ਵੀ ਕਠਿਨ ਸਥਿਤੀਆਂ ਵਿਚ ਵਿੱਦਿਆ ਪ੍ਰਦਾਨ ਕੀਤੀ। ਉਸ ਨੇ ਆਪਣੇ ਬੱਚਿਆ ਨੂੰ ਅਨੁਸ਼ਾਸਨ ਵਿਚ ਰਹਿਣਾ ਸਿਖਾਇਆ। ਅਜਿਹਾ ਕਰਕੇ ਉਸ ਨੇ ਅਨੇਕਾਂ ਦਲਿਤ ਪਰਿਵਾਰਾਂ ਅੱਗੇ ਆਦਰਸ਼ ਮਿਸਾਲ ਪੇਸ਼ ਕੀਤੀ। ਊਰਜਾ ਨਾਲ ਭਰਪੂਰ ਇਹ ਸਵੈ ਜੀਵਨੀ ਬੜੇ ਸਹਿਜ ਤਰੀਕੇ ਨਾਲ ਦੱਖਣੀ ਭਾਰਤ ਦੇ ਅਛੂਤ ਲੋਕਾਂ ਦੀ ਸਮਾਜਕ ਇਤਿਹਾਸਕਾਰੀ ਕਰਦੀ ਹੈ। ਬਲਬੀਰ ਮਾਧੋਪੁਰੀ ਨੇ ਬੜੀ ਮਿਹਨਤ ਨਾਲ ਇਸ ਦਾ ਅਨੁਵਾਦ ਕੀਤਾ ਹੈ।

—-------------------------